ਕਲਾਇੰਟ ਦਾ ਨਾਂ ____________________
ਕੇਸ ਨੰਬਰ ____________________
ਤਾਰੀਖ਼ ____________________
ਕਾਉਂਟੀ ____________________
ਕਾਉਂਟੀ ਦਾ ਫ਼ੋਨ ਨੰਬਰ ____________________

# ਤੁਹਾਡੇ CalWORKs ਰਿਪੋਰਟਿੰਗ ਨਿਯਮ ਬਦਲ ਗਏ ਹਨ। ਕਿਰਪਾ ਕਰਕੇ ਧਿਆਨ ਨਾਲ ਪੜ੍ਹੋ।

__________________ (ਤਾਰੀਖ਼) ਨੂੰ, ਤੁਹਾਡਾ CalWORKs (ਕੈਲੀਫ਼ੋਰਨੀਆ ਵਿੱਚ ਕੰਮ ਦੇ ਮੌਕਿਆਂ ਅਤੇ ਬੱਚਿਆਂ ਨੂੰ ਜ਼ਿੰਮੇਦਾਰੀ ਦਾ ਕਾਰਜਕ੍ਰਮ) ਕੇਸ ਅਰਧ-ਵਾਰਸ਼ਿਕ ਰਿਪੋਰਟਿੰਗ ਤੋਂ ਵਾਰਸ਼ਿਕ ਰਿਪੋਰਟਿੰਗ ਵਿੱਚ ਬਦਲ ਜਾਵੇਗਾ। ਇਸਦਾ ਕਾਰਨ ਇਹ ਹੈ ਕਿ ਹੁਣ ਤੁਹਾਡੇ ਕੇਸ ਵਿੱਚ ਕਿਸੇ ਬਾਲਗ ਲਈ ਸਹਾਇਤਾ ਸ਼ਾਮਲ ਨਹੀਂ ਹੈ। ਹੁਣ ਤੁਹਾਨੂੰ ਸਾਲ ਵਿੱਚ ਇਕ ਵਾਰ SAR 7 ਨਹੀਂ ਭਰਨਾ ਪਵੇਗਾ। ਹੁਣ ਤੁਹਾਨੂੰ ਸਿਰਫ਼ ਹਰ ਸਾਲ ਇਕ ਵਾਰ ਆਪਣੇ ਸਾਲਾਨਾ ਮੁੜ-ਨਿਰਧਾਰਣ ਫ਼ਾਰਮ (SAWS 2 PLUS) ਵਿੱਚ ਜਾਣਕਾਰੀ ਦੇਣੀ ਪਵੇਗੀ।

ਇਹ ਨਵਾਂ ਨਹੀਂ ਹੋਵੇਗਾ ਕਿਉਂਕਿ ਇਹ ਚਾਲੂ SAR ਕੇਸ ਸਨ।

ਇਸ ਨੋਟਿਸ ਵਿੱਚ ਵਾਰਸ਼ਿਕ ਰਿਪੋਰਟਿੰਗ ਦੀਆਂ ਸ਼ਰਤਾਂ ਦਾ ਵੇਰਵਾ ਹੈ। ਜੇਕਰ ਇਸ ਬਾਰੇ ਤੁਹਾਡੇ ਕੋਈ ਸਵਾਲ ਹਨ ਕਿ ਕੀ ਜਾਣਕਾਰੀ ਦੇਣੀ ਹੈ ਅਤੇ ਕਦੋਂ ਵਿੱਚ ਤਾਂ ਆਪਣੇ ਵਰਕਰ ਤੋਂ ਪੁੱਛੋ ਜਾਂ ਕਾਉਂਟੀ ਨੂੰ ਕਾਲ ਕਰੋ।

ਤੁਹਾਡੀ CalFresh ਰਿਪੋਰਟ ਕਰਨ ਦੀਆਂ ਸ਼ਰਤਾਂ ਵਿੱਚ ਕਿਸੇ ਤਬਦੀਲੀਆਂ ਬਾਰੇ ਤੁਹਾਨੂੰ ਵੱਖਰਾ ਨੋਟਿਸ ਮਿਲੇਗਾ।

## ਰਿਪੋਰਟਿੰਗ ਕਰਨ ਦੇ ਨਿਯਮ

ਵਾਰਸ਼ਿਕ ਰਿਪੋਰਟਿੰਗ ਹੇਠ ਤੁਹਾਨੂੰ ਸਾਲਾਨਾ ਮੁੜ-ਨਿਰਧਾਰਣ ਤੋਂ ਇਲਾਵਾ ਕੋਈ ਹੋਰ ਫ਼ਾਰਮ ਭਰ ਕੇ ਵਾਪਸ ਭੇਜਣ ਦੀ ਲੋੜ ਨਹੀਂ ਹੈ।

ਫੇਰ ਵੀ ਤੁਹਾਡਾ ਮੁੜ-ਨਿਰਧਾਰਣ ਨਿਯਤ ਹੋਣ ‘ਤੇ ਤੁਹਾਨੂੰ ਮੇਲ ਵਿੱਚ ਇਕ ਮੁਲਾਕਾਤ ਪੱਤਰ ਮਿਲੇਗਾ। ਜੇਕਰ ਤੁਸੀਂ ਆਪਣੀ ਮੁੜ-ਨਿਰਧਾਰਣ ਮੁਲਾਕਾਤ ਵਿੱਚ ਹਾਜ਼ਰ ਨਹੀਂ ਹੋਵੋਗੇ ਅਤੇ ਮਹੀਨੇ ਦੇ ਅੰਤ ਤਕ ਉਸਨੂੰ ਪੂਰਾ ਨਹੀਂ ਕਰੋਗੇ ਤਾਂ ਤੁਹਾਡੀ ਸਹਾਇਤਾ ਬੰਦ ਕਰ ਦਿੱਤੀ ਜਾਵੇਗੀ।

ਉਦਾਹਰਨ: 18 ਮਾਰਚ ਨੂੰ, ਤੁਹਾਨੂੰ ਕਾਉਂਟੀ ਤੋਂ ਇਕ ਮੁਲਾਕਾਤ ਪੱਤਰ ਮਿਲਦਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਤੁਹਾਡੀ ਮੁੜ-ਨਿਰਧਾਰਣ ਮੁਲਾਕਾਤ 4 ਅਪ੍ਰੈਲ ਨੂੰ ਹੈ। ਜੇ ਤੁਸੀਂ ਮੁਲਾਕਾਤ ਵਿੱਚ ਹਾਜ਼ਰ ਨਹੀਂ ਹੁੰਦੇ ਅਤੇ ਅਪ੍ਰੈਲ ਦੇ ਅੰਤ ਤਕ ਉਸਨੂੰ ਪੂਰਾ ਨਹੀਂ ਕਰਦੇ, ਤਾਂ 30 ਅਪ੍ਰੈਲ ਨੂੰ ਤੁਹਾਡਾ ਕੇਸ ਬੰਦ ਕਰ ਦਿੱਤਾ ਜਾਵੇਗਾ।

## ਆਮਦਨੀ ਸੂਚਨਾ ਸੀਮਾ (IRT) ਨਿਯਮ

ਜੇਕਰ ਤੁਹਾਡੀ ਕੁੱਲ ਮਹੀਨੇਵਾਰ ਆਮਦਨੀ IRT ਰਕਮ ਤੋਂ ਜ਼ਿਆਦਾ ਹੈ ਤਾਂ ਤੁਹਾਨੂੰ ਫੇਰ ਵੀ 10 ਦਿਨਾਂ ਦੇ ਅੰਦਰ ਜਾਣਕਾਰੀ ਦੇਣ ਦੀ ਲੋੜ ਹੋਵੇਗੀ। ਤੁਹਾਨੂੰ **10 ਦਿਨਾਂ ਦੇ ਅੰਦਰ** ਕਾਉਂਟੀ ਨੂੰ ਆਮਦਨੀ ਦੀ ਜਾਣਕਾਰੀ ਦੇਣੀ ਪਵੇਗੀ। “ਕੁੱਲ ਮਹੀਨੇਵਾਰ ਆਮਦਨੀ” ਤੋਂ ਸਾਡਾ ਮਤਲਬ ਹੈ ਤੁਹਾਨੂੰ ਮਿਲਣ ਵਾਲੀ **ਕੋਈ ਵੀ** ਰਕਮ। ਕਦੇ ਵੀ ਤੁਹਾਡੀ IRT ਰਕਮ ‘ਚ ਕੋਈ ਬਦਲਾਵ ਹੋਣ ‘ਤੇ, ਕਾਉਂਟੀ ਲਿਖਤੀ ਰੂਪ ‘ਚ ਤੁਹਾਨੂੰ ਸੂਚਿਤ ਕਰੇਗੀ ਕਿ ਆਮਦਨੀ ਦਾ ਨਵਾਂ ਪੱਧਰ ਕੀ ਹੈ।

ਵਾਰਸ਼ਿਕ ਰਿਪੋਰਟਿੰਗ ਹੇਠ, ਜਦੋਂ ਤੁਸੀਂ ਆਪਣੀ IRT ਤੋਂ ਵੱਧ ਆਮਦਨੀ ਦੀ ਜਾਣਕਾਰੀ ਦਿੰਦੇ ਹੋ, ਤਾਂ ਕਾਉਂਟੀ ਤੁਹਾਡੇ ਫ਼ਾਇਦੇ ਘਟਾ ਜਾਂ ਵਧਾ ਸਕਦੀ ਹੈ।

ਉਦਾਹਰਨ: ਜੇਕਰ ਤੁਹਾਡੀ IRT $900 ਹੈ ਅਤੇ ਤੁਹਾਡੀ ਆਮਦਨੀ $800 ਹੈ, ਤਾਂ ਤੁਹਾਨੂੰ ਆਪਣੇ ਅਗਲੇ ਮੁੜ-ਨਿਰਧਾਰਣ ਤੱਕ ਬਦਲਾਵ ਦੀ ਜਾਣਕਾਰੀ ਦੇਣ ਦੀ ਲੋੜ ਨਹੀਂ ਹੈ। ਜੇਕਰ ਤੁਹਾਡੀ ਆਮਦਨੀ $901 ਜਾਂ ਵੱਧ ਹੈ, ਤਾਂ ਤੁਹਾਨੂੰ 10 ਦਿਨਾਂ ਦੇ ਅੰਦਰ ਕਾਉਂਟੀ ਨੂੰ ਉਸਦੀ ਜਾਣਕਾਰੀ ਦੇਣੀ ਪਵੇਗੀ। ਤੁਹਾਡੇ ਬੈਨਿਫਿਟ ਘੱਟ ਜਾਣਗੇ ਜਾਂ ਬੰਦ ਹੋ ਜਾਣਗੇ। ਕਾਉਂਟੀ ਤੁਹਾਨੂੰ ਤਬਦੀਲੀ ਤੋਂ 10 ਦਿਨ ਪਹਿਲਾਂ ਨੋਟਿਸ ਦੇਵੇਗੀ। ਜੇਕਰ ਤੁਹਾਡੇ ਬੈਨਿਫਿਟ ਘਟਾਏ ਜਾਂਦੇ ਹਨ, ਤਾਂ ਕਾਉਂਟੀ ਤੁਹਾਨੂੰ ਤੁਹਾਡੀ ਨਵੀਂ IRT ਰਕਮ ਵੀ ਦੱਸੇਗੀ।

## ਲਾਜ਼ਮੀ ਰਿਪੋਰਟ ਕਰਨ ਦੇ ਨਿਯਮ

ਵਾਰਸ਼ਿਕ ਰਿਪੋਰਟਿੰਗ ਹੇਠ, ਕਦੇ ਵੀ ਜਦੋਂ ਕੋਈ ਤੁਹਾਡੇ ਪਰਿਵਾਰ ਵਿੱਚ ਸ਼ਾਮਲ ਹੁੰਦਾ ਹੈ ਜਾਂ ਉਸਨੂੰ ਛੱਡ ਕੇ ਜਾਂਦਾ ਹੈ ਤਾਂ ਤੁਹਾਨੂੰ ਜਾਣਕਾਰੀ ਦੇਣੀ ਪਵੇਗੀ। ਵਾਰਸ਼ਿਕ ਰਿਪੋਰਟਿੰਗ ਨਿਯਮਾਂ ਦੇ ਮੁਤਾਬਕ ਤੁਹਾਨੂੰ ਤਬਦੀਲੀ ਤੋਂ ਬਾਅਦ 10 ਦਿਨਾਂ ਦੇ ਅੰਦਰ, ਜ਼ਬਾਨੀ ਜਾਂ ਲਿਖਤੀ ਰੂਪ ਵਿੱਚ, ਹੇਠ ਦਿੱਤੇ ਗਏ ਸਾਲ ਦੇ ਦਰਮਿਆਨ ਹੋਣ ਵਾਲੀਆਂ ਤਬਦੀਲੀਆਂ ਦੀ ਜਾਣਕਾਰੀ ਦੇਣੀ ਪਵੇਗੀ:

- IRT ਤੋਂ ਜ਼ਿਆਦਾ ਆਮਦਨੀ;
- ਕਿਸੇ ਵਿਅਕਤੀ ਦਾ ਤੁਹਾਡੇ ਪਰਿਵਾਰ ਵਿੱਚ ਸ਼ਾਮਲ ਹੋਣਾ ਜਾਂ ਉਸਨੂੰ ਛੱਡ ਕੇ ਜਾਣਾ;
- ਨਸ਼ੀਲੀ ਦਵਾਈਆਂ ਸਬੰਧੀ ਸੰਗੀਨ ਜੁਰਮ ਸਾਬਿਤ ਹੋਣਾ;
- ਭੱਜ ਰਹੇ ਅਪਰਾਧੀ ਦਾ ਦਰਜਾ; ਜਾਂ
- ਕਿਸੇ ਅਦਾਲਤ ਦੁਆਰਾ ਇਹ ਵੇਖਿਆ ਜਾਣਾ ਕਿ ਕਿਸੇ ਵਿਅਕਤੀ ਨੇ ਪ੍ਰੋਬੇਸ਼ਨੇ ਜਾਂ ਪੈਰੋਲ ਦੀ ਉਲੰਘਣਾ ਕੀਤੀ ਸੀ।

## ਸਵੈਇੱਛਤ ਰਿਪੋਰਟ ਕਰਨ ਦੇ ਨਿਯਮ

ਵਾਰਸ਼ਿਕ ਰਿਪੋਰਟਿੰਗ ਹੇਠ CalWORKs ਦੇ ਸਵੈਇੱਛਤ ਰਿਪੋਰਟ ਕਰਨ ਦੇ ਨਿਯਮਾਂ ਵਿੱਚ ਕੋਈ ਤਬਦੀਲੀ ਨਹੀਂ ਹੈ। ਤੁਸੀਂ ਸਵੈਇੱਛਤ ਤੌਰ 'ਤੇ ਕੋਈ ਵੀ ਜਾਣਕਾਰੀ (ਜਿਵੇਂ ਆਮਦਨੀ ਵਿੱਚ ਕਮੀ) ਦੇ ਸਕਦੇ ਹੋ ਜੋ ਤੁਹਾਡੀ ਅਨੁਦਾਨ ਦੀ ਰਕਮ ਨੂੰ ਵਧਾ ਸਕਦੀ ਹੈ।

## Welfare-to-Work ਰਿਪੋਰਟ ਕਰਨ ਦੇ ਨਿਯਮ

ਜੇਕਰ ਤੁਹਾਨੂੰ Welfare-to-Work (ਕਲਿਆਣ-ਤੋਂ-ਕੰਮ ) ਸੇਵਾਵਾਂ ਮਿਲਦੀਆਂ ਹਨ, ਤਾਂ ਤੁਹਾਨੂੰ ਕਾਉਂਟੀ ਦੁਆਰਾ ਲੋੜੀਂਦੀਆਂ ਰਿਪੋਰਟਾਂ ਅਤੇ ਪੜਚੋਲਾਂ ਜਮ੍ਹਾਂ ਕਰਨੀਆਂ ਜਾਰੀ ਰੱਖਣੀਆਂ ਚਾਹੀਦੀਆਂ ਹਨ। ਤੁਹਾਨੂੰ ਬਾਲ ਦੇਖਭਾਲ, ਆਵਾਜਾਈ, ਅਤੇ ਕਿਤਾਬਾਂ ਲਈ ਪੈਸੇ ਵਰਗੀਆ ਸੇਵਾਵਾਂ ਲੈਣਾ ਜਾਰੀ ਰੱਖਣ ਲਈ ਇਹ ਸਬੂਤ ਜਮ੍ਹਾਂ ਕਰਨ ਦੀ ਲੋੜ ਹੈ।